Ref No. IKGPTU/NSS/19/409 Date: 22/03/2019

ਸਮੂਹ ਐਨ.ਐਸ.ਐਸ. ਪ੍ਰੋਗਰਾਮ ਅਫਸਰ,
ਆਈ.ਕੇ.ਜੀ.ਪੀ.ਟੀ.ਯੂ. ਜਲੰਧਰ।

ਵਿਸ਼ਾ:- ਨਸ਼ਿਆਂ ਵਿਰੁੱਧ ਮੁਹਿੰਮ ਦੀ ਮਹੀਨਾਵਾਰ ਪ੍ਰਗਤੀ ਰਿਪੋਰਟ ਭੇਜਣ ਸਬੰਧੀ।

ਸਤਿਕਾਰਯੋਗ ਜੀਓ,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦਾ ਧਿਆਨ ਇਸ ਦਫਤਰ ਵੱਲੋਂ ਪਹਿਲਾਂ ਭੇਜੇ ਗਏ ਪੱਤਰ ਹਵਾਲਾ ਨੰ. IKGPTU/NSS/17/231 ਮਿਤੀ 08/05/2017 ਦੁਆਰਾ ਆਪ ਜੀ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਦੇ ਲਈ ਕੌਮੀ ਸੇਵਾ ਯੋਜਨਾ ਦੇ ਵਲੰਟੀਅਰਾਂ ਵੱਲੋਂ ਵਿਸ਼ੇਸ਼ ਮੁਹਿੰਮ ਚਲਾਉਣ ਲਈ ਲਿਖਿਆ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਵਲੰਟੀਅਰ ਗੋਦ ਲਏ ਗਏ ਪਿੰਡਾਂ ਅਤੇ ਬਸਤੀਆਂ ਵਿੱਚ ਜਾਗਰੂਕਤਾ ਲਹਿਰ ਚਲਾਉਣਗੇ, ਜਿਸ ਵਿੱਚ ਵਿਸ਼ੇਸ਼ ਮਾਹਿਰਾਂ ਦੇ ਲੈਕਚਰ ਕਰਵਾਉਣਾ, ਚੇਤਨਾਂ ਮਾਰਚ ਰੈਲੀਆਂ, ਨੁਕੜ ਨਾਟਕ, ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਨਸ਼ਾ ਛੁਡਾਉ ਕੇਂਦਰਾਂ ਤੱਕ ਪਹੁੰਚਾਉਣਾ ਆਦਿ ਕਾਰਜ ਕਰਨਗੇ। ।ਇਸ ਮੁਹਿੰਮ ਦੌਰਾਨ ਹਰ ਮਹੀਨੇ ਉਪਰੋਕਤ ਵਿੱਚੋਂ ਕੋਈ ਨਾ ਕੋਈ ਗਤੀਵਿਧੀ ਜ਼ਰੂਰ ਕਰਵਾਏ ਜਾਣ ਲਈ ਲਿਖਿਆ ਗਿਆ ਸੀ।

ਇਸ "ਨਸ਼ਾ ਛੁਡਾਉ ਮੁਹਿੰਮ" ਨੂੰ ਸਾਲ ਭਰ ਚਲਾਉਣ ਅਤੇ ਇਸ ਸਬੰਧੀ ਹਰ ਮਹੀਨੇ ਦੀ ਰਿਪੋਰਟ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਸਮੇਤ ਪ੍ਰਿੰਟ ਕਲਿਪਿੰਗ ਅਤੇ ਹੋਰ ਸਬੰਧਿਤ ਫੋਟੋਆਂ ਹਰ ਮਹੀਨੇ ਵਿਭਾਗ ਨੂੰ ਭੇਜਣ ਲਈ ਲਿਖਿਆ ਗਿਆ ਸੀ।

ਉਪਰੋਕਤ ਤੱਥਾਂ ਦੀ ਲੋਅ ਵਿੱਚ ਆਪ ਜੀ ਨੂੰ, ਦੁਬਾਰਾ ਲਿਖਿਆ ਜਾਂਦਾ ਹੈ ਕਿ ਇਸ ਮੁਹਿੰਮ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟ ਵਿਭਾਗ ਦੀ E-mail Id ptunss@ptu.ac.in ਤੇ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

ਹਿਤੂ,
22/3/19
(ਡਾ. ਜਗਮੀਤ ਬਾਵਾ)
ਪ੍ਰੋਗਰਾਮ ਕੋਆਰਡੀਨੇਟਰ ਐਨ. ਐਸ. ਐਸ.

ਉਤਾਰਾ:

1. ਡਾਇਰੈਕਟਰ/ਪ੍ਰਿੰਸੀਪਲ ਸਾਹਿਬਾਨ- ਜਾਣਕਾਰੀ ਹਿੱਤ।
2. ਸੰਯੁਕਤ ਰਜਿਸਟਰਾਰ, ਵਿਦਿਆਰਥੀ ਭਲਾਈ ਵਿਭਾਗ-ਜਾਣਕਾਰੀ ਹਿੱਤ।
3. ਕੰਟਰੋਲਰ ਪ੍ਰੀਖਿਆਵਾਂ – ਕਾਲਜ ਪ੍ਰਿੰਸੀਪਲ ਦੇ ਲਾਗਇਨ ਤੇ ਪਾਉਣ ਹਿੱਤ।
4. ਡਿਪਟੀ ਕੰਟਰੋਲਰ ਆਈ.ਟੀ.ਐਸ.-ਵੈਬਸਾਈਟ ਤੇ ਪਾਉਣ ਹਿੱਤ।
5. ਖੇਤਰੀ ਨਿਦੇਸ਼ਾਲਿਆ, ਐਨ.ਐਸ.ਐਸ. ਚੰਡੀਗੜ੍ਹ।
6. ਪ੍ਰਾਂਤ ਐਨ.ਐਸ.ਐਸ. ਅਧਿਕਾਰੀ, ਪੰਜਾਬ।
7. ਫਾਇਲ।

ਨੱਥੀ: ਉਪਰੋਕਤ ਅਨੁਸਾਰ ਨਿਰਧਾਰਤ ਪ੍ਰੋਫਾਰਮਾ

# ਮਹੀਨਾਵਾਰ ਪ੍ਰਗਤੀ ਰਿਪੋਰਟ ਨਸ਼ਾ ਛੁਡਾਉ ਮੁਹਿੰਮ ਸਾਲ 2018-19

ਮਹੀਨਾ:- ______________

| ਲੜੀ ਨੰ. | ਸੰਸਥਾ ਦਾ ਨਾਂ | ਪ੍ਰੋਗਰਾਮ/ਗਤੀਵਿਧੀਆਂ | ਮਿਤੀ | ਵਲੰਟੀਅਰ/ਭਾਗੀਦਾਰ | | | ਲਾਭਕਾਰ | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|
| | | | | ਲੜਕੇ | ਲੜਕੀਆਂ | ਕੁੱਲ ਜੋੜ | ਲੜਕੇ | ਲੜਕੀਆਂ | ਕੁੱਲ ਜੋੜ | |
| | | | | | | | | | | |
| | | | | | | | | | | |
| | | | | | | | | | | |
| | | | | | | | | | | |
| | | | | | | | | | | |